# ਸਿਟੀ ਆਫ਼ ਕੇਸੀ ਕਿੰਡਰਗਾਰਟਨ ਐਨਰੋਲਮੈਂਟ

# ਅਕਸਰ ਪੁੱਛੇ ਜਾਂਦੇ ਸਵਾਲ

ਮੈਂ ਚਾਹੁਨਾ ਹਾਂ ਕੇ ਮੇਰਾ ਬੱਚਾ ਕਿੰਡਰਗਾਰਟਨ ਜਾਵੇ, ਮੈਨੂੰ ਕੀ ਕਰਨ ਦੀ ਜ਼ਰੂਰਤ ਹੈ?

ਤੁਸੀਂ ਇੱਕ ਆਨਲਾਈਨ ਪੋਰਟਲ ਅਕਾਊਂਟ ਬਣਾ ਸਕਦੇ ਹੋ ਆਪਣੇ ਬੱਚੇ ਨੂੰ ਰਜਿਸਟਰ ਕਰਨ ਲਈ। ਇਹ ਕੇਸੀ ਦੀ ਵੈਬਸਾਈਟ ਤੇ ਉਪਲਬਧ ਹੈ।

ਜੇ ਮੈਂ ਕਿਤੇ ਹੋਰ ਰਹਿਣ ਲਗ ਜਾਵਾਂ ਤਾਂ ਕੀ ਹੁੰਦਾ ਹੈ?

ਤੁਸੀਂ ਪੋਰਟਲ ਅਕਾਊਂਟ ਰਾਹੀਂ ਕਿਸੇ ਵੀ ਸਮੇਂ ਆਪਣੇ ਵੇਰਵੇ ਅਪਡੇਟ ਕਰ ਸਕਦੇ ਹੋ

ਮੈਨੂੰ ਕਿੰਨਾ ਦਸਤਾਵੇਜ਼ਾਂ ਦੀ ਲੋੜ ਪਵੇਗੀ?

ਜਨਮ ਸਬੂਤ ਦਸਤਾਵੇਜ਼ (ਪ੍ਰਵਾਨਯੋਗ ਦਸਤਾਵੇਜ਼ ਵਿੱਚ ਜਨਮ ਸਰਟੀਫ਼ਿਕੇਟ, ਪਾਸਪੋਰਟ, ਜਾਂ ਮੈਡੀਕੇਅਰ ਵੱਲੋਂ ਜਾਰੀ ਟੀਕਾਕਰਨ ਹਿਸਟਰੀ ਸਟੇਟਮੈਂਟ ਜਿਹੜਾ ਤੁਹਾਡੇ mygov ਅਕਾਊਂਟ ਉੱਤੇ ਲਾਗਇਨ ਕਰਕੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ)

ਮੈਂ ਕਿੰਡਰਗਾਰਟਨ ਵਿੱਚ ਥਾਂ ਕਿਵੇਂ ਲੈ ਸਕਦਾ ਹਾਂ?

ਕਿੰਡਰਗਾਰਟਨ ਵਿਚ ਥਾਂ ਲਈ ਪੇਸ਼ਕਸ਼ ਕਿਰਿਆ ਸਾਲ ਦੇ ਦੂਜੇ ਭਾਗ ਵਿਚ ਸ਼ੁਰੂ ਹੋ ਜਾਂਦੀ ਹੈ, ਤੁਹਾਡੇ ਬੱਚੇ ਦੇ ਕਿੰਡਰਗਾਰਟਨ ਵਿਚ ਦਾਖ਼ਲੇ ਦੀ ਯੋਗਤਾ ਤੋਂ ਇੱਕ ਸਾਲ ਪਹਿਲਾਂ। ਹਰੇਕ ਰੇਜਿਸਟ੍ਰੇਸ਼ਨ ਨੂੰ ਕੁਛ ਅੰਕ ਦਿੱਤੇ ਜਾਂਦੇ ਹਨ। ਇਹ ਅੰਕ ਡਿਪਾਰਟਮੈਂਟ ਆਫ਼ ਐਜੂਕੇਸ਼ਨ ਵੱਲੋਂ ਤਹਿ, ਦਾਖ਼ਲੇ ਦੀ ਪ੍ਰਾਥਮਿਕਤਾ ਦੇ ਅਧਾਰ ਦੀਆਂ ਗਾਈਡਲਾਈਨਜ਼ ਤੇ ਦਿੱਤੇ ਜਾਂਦੇ ਹਨ, ਅਤੇ ਸਿਟੀ ਆਫ ਕੇਸੀ ਦੇ ਲੋਕਲ ਮਾਪਦੰਡ ਤਹਿਤ ਵੀ।

ਪੁਆਇੰਟ ਸਿਸਟਮ ਦੇ ਅਧਾਰ ਤੇ ਸਾਰੇ ਬੱਚਿਆਂ ਲਈ ਬੇਤਰਤੀਬ ਚੋਣ ਕੀਤੀ ਜਾਂਦੀ ਹੈ।

ਮੈਂ ਆਫ਼ਰ ਕਿਵੇਂ ਸਵੀਕਾਰ ਕਰ ਸਕਦਾ ਹਾਂ?

ਮਾਪੇ ਪੋਰਟਲ ਅਕਾਊਂਟ ਰਾਹੀਂ ਆਫ਼ਰ ਸਵੀਕਾਰ ਸਕਦੇ ਹਨ

ਮੈਨੂੰ ਕਿਵੇਂ ਪਤਾ ਲਗੇਗਾ ਕੇ ਮੇਰਾ ਬੱਚਾ ਕਿਹੜੇ ਵਾਰ ਅਤੇ ਸਮੇਂ ਕਿੰਡਰਗਾਰਟਨ ਜਾ ਸਕਦਾ ਹੈ?

ਸਾਲ ਦੇ ਅਖ਼ੀਰ ਵਿੱਚ ਤੁਸੀਂ ਪੋਰਟਲ ਅਕਾਊਂਟ ਰਾਹੀਂ ਵਾਰ ਅਤੇ ਸਮੇਂ ਚੁਣ ਸਕਦੇ ਹੋ।